# ਦਫ਼ਤਰ ਡਾਇਰੈਕਟਰ ਜਨਰਲ ਸਕੂਲ ਸਿੱਖਿਆ ਵਿਭਾਗ,ਪੰਜਾਬ
# ਸਰਵ ਸਿੱਖਿਆ ਅਭਿਆਨ ਅਥਾਰਟੀ (ਪੰਜਾਬ)

ਐਸ.ਸੀ.ਓ.ਨੰ:104-106, ਦੂਜੀ ਅਤੇ ਤੀਜੀ ਮੰਜ਼ਿਲ ਸੈਕਟਰ 34-ਏ ਚੰਡੀਗੜ੍ਹ।

ਵੱਲ

1. ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ.)।
2. ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ (ਐ.ਸਿ.)।
3. ਸਮੂਹ ਜ਼ਿਲ੍ਹਾ ਸਾਇੰਸ ਸੁਪਰਵਾਈਜ਼ਰ ।
4. ਸਮੂਹ ਸਕੂਲ ਮੁੱਖੀ (ਵੈੱਬ-ਸਾਈਟ ਰਾਹੀਂ)।

ਮੀਮੋ ਨੰ:ਸਸਅ/ਐਮਸੀ/2010/ 74393-453
ਮਿਤੀ,ਚੰਡੀਗੜ੍ਹ 7-12-2010

ਵਿਸ਼ਾ :- ਪੰਜਾਬ ਦੇ ਸਰਕਾਰੀ ਸਕੂਲਾਂ ਵਿੱਚ ਪੰਜਵੀਂ ਜਮਾਤ ਦੀ ਹਿਸਾਬ ਅਤੇ ਅੱਠਵੀਂ ਜਮਾਤ ਦੀ ਹਿਸਾਬ ਅਤੇ ਸਾਇੰਸ ਵਿਸ਼ਿਆਂ ਦੇ ਬੱਚਿਆਂ ਦੀ ਪ੍ਰਤੀਯੋਗੀ ਪ੍ਰੀਖਿਆ ਕਰਵਾਉਣ ਸਬੰਧੀ।

1.0 ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ।

2.0 ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਜਿਵੇਂ ਕਿ ਆਪ ਜੀ ਨੂੰ ਪਤਾ ਹੀ ਹੈ ਕਿ ਪਿਛਲੇ ਸਾਲ 2008-09 ਤੋਂ ਹਿਸਾਬ ਅਤੇ ਸਾਇੰਸ ਵਿਸ਼ਿਆਂ ਦੀ ਪੜ੍ਹਾਈ ਨੂੰ ਵਧਾਵਾ ਦੇਣ ਲਈ ਰਾਜ ਪੱਧਰ ਤੇ ਬਹੁਤ ਅਹਿਮ ਕਦਮ ਚੁੱਕੇ ਜਾ ਰਹੇ ਹਨ। ਸੈਸ਼ਨ 2010-11 ਵਿੱਚ ਪੰਜਵੀਂ ਅਤੇ ਅੱਠਵੀਂ ਜਮਾਤ ਵਿੱਚ ਪੜ੍ਹ ਰਹੇ ਵਿਦਿਆਰਥੀਆਂ ਲਈ ਜ਼ਿਲ੍ਹਾ ਪੱਧਰੀ ਪ੍ਰਤੀਯੋਗੀ ਪ੍ਰੀਖਿਆ ਮਿਤੀ 08-01-2011 ਅਤੇ ਰਾਜ ਪੱਧਰੀ ਪ੍ਰਤੀਯੋਗੀ ਪ੍ਰੀਖਿਆ ਮਿਤੀ 12-02-2011 ਨੂੰ ਕਰਵਾਈ ਜਾਣੀ ਹੈ। ਇਸ ਸਬੰਧ ਵਿੱਚ ਆਪਣੇ ਆਪਣੇ ਜ਼ਿਲ੍ਹੇ ਵਿੱਚ ਹੇਠ ਲਿਖੇ ਕੰਮ ਕਰਨੇ ਯਕੀਨੀ ਬਣਾਏ ਜਾਣ।

2.1 ਅਧਿਆਪਕਾਂ ਨੂੰ ਆਦੇਸ਼ ਦਿੱਤੇ ਜਾਣ ਕਿ ਉਹ ਆਪਣੇ ਆਪਣੇ ਸਕੂਲਾਂ ਦੇ ਚਾਹਵਾਨ ਵਿਦਿਆਰਥੀਆਂ ਦੇ ਨਾਂ ਰਜਿਸਟਰ ਕਰਕੇ ਸਬੰਧਤ ਜ਼ਿਲ੍ਹਾ ਸਿੱਖਿਆ ਅਫ਼ਸਰ ਦੇ ਦਫ਼ਤਰ ਨੂੰ ਮਿਤੀ 15-12-2010 ਤੱਕ ਭੇਜੇ ਜਾਣ।

2.2 ਇਸ ਪ੍ਰਤੀਯੋਗੀ ਪ੍ਰੀਖਿਆ ਵਿੱਚ ਸਮੂਹ ਪੰਜਾਬ ਭਰ ਦੇ ਸਰਕਾਰੀ ਸਕੂਲਾਂ ਦੇ ਵਿਦਿਆਰਥੀ ਹੀ ਭਾਗ ਲੈਣਗੇ।

3.0 ਅੱਠਵੀਂ ਅਤੇ ਪੰਜਵੀਂ ਜਮਾਤਾਂ ਦੀ ਪ੍ਰਤੀਯੋਗੀ ਪ੍ਰੀਖਿਆ ਵਿੱਚ ਆਉਣ ਵਾਲਾ ਸਿਲੇਬਸ ਹੇਠ ਲਿਖੇ ਅਨੁਸਾਰ ਹੈ :-

| ਲੜੀ ਨੰ: | ਜਮਾਤ | ਵਿਸ਼ਾ | ਸਿਲੇਬਸ |
|---|---|---|---|
| 1. | ਪੰਜਵੀਂ | ਮੈਥ | ਅਪ੍ਰੈਲ ਤੋਂ ਦਸੰਬਰ 2010 ਤੱਕ |
| 2. | ਅੱਠਵੀਂ | ਮੈਥ | ਅਪ੍ਰੈਲ ਤੋਂ ਦਸੰਬਰ 2010 ਤੱਕ |
| 3. | ਅੱਠਵੀਂ | ਸਾਇੰਸ | ਅਪ੍ਰੈਲ ਤੋਂ ਦਸੰਬਰ 2010 ਤੱਕ |

4.0 ਜ਼ਿਲ੍ਹਾ ਪੱਧਰੀ ਪ੍ਰਤੀਯੋਗੀ ਪ੍ਰੀਖਿਆ ਦੀ ਡੇਟਸ਼ੀਟ ਦੀ ਹੇਠ ਲਿਖੇ ਅਨੁਸਾਰ ਹੈ :-

| ਲੜੀ ਨੰ: | ਪੱਧਰ | ਜਮਾਤ | ਵਿਸ਼ਾ | ਮਿਤੀ | ਸਮਾਂ |
|---|---|---|---|---|---|
| 1. | ਜ਼ਿਲ੍ਹਾ ਪੱਧਰ | ਅੱਠਵੀਂ | ਹਿਸਾਬ | 08-01-2011 | ਸਵੇਰੇ 11:00 ਵਜੇ ਤੋਂ ਦੁਪਿਹਰ 1:00 ਵਜੇ ਤੱਕ |
| 2. | ਜ਼ਿਲ੍ਹਾ ਪੱਧਰ | ਪੰਜਵੀਂ | ਹਿਸਾਬ | 08-01-2011 | ਸਵੇਰੇ 11:00 ਵਜੇ ਤੋਂ ਦੁਪਿਹਰ 1:00 ਵਜੇ ਤੱਕ |
| 3. | ਜ਼ਿਲ੍ਹਾ ਪੱਧਰ | ਅੱਠਵੀਂ | ਸਾਇੰਸ | 08-01-2011 | ਦੁਪਹਿਰ 2:00 ਵਜੇ ਤੋਂ ਸ਼ਾਮ 4:00 ਤੱਕ |

5.0 ਰਾਜ ਪੱਧਰੀ ਪ੍ਰਤੀਯੋਗੀ ਪ੍ਰੀਖਿਆ ਦੀ ਡੇਟਸ਼ੀਟ ਹੇਠ ਲਿਖੇ ਅਨੁਸਾਰ ਹੈ :-

| ਲੜੀ ਨੰ: | ਪੱਧਰ | ਜਮਾਤ | ਵਿਸ਼ਾ | ਮਿਤੀ | ਸਮਾਂ |
|---|---|---|---|---|---|
| 1. | ਰਾਜ ਪੱਧਰ | ਅੱਠਵੀਂ | ਹਿਸਾਬ | 12-02-2011 | ਸਵੇਰੇ 11:00 ਵਜੇ ਤੋਂ ਦੁਪਿਹਰ 1:00 ਵਜੇ ਤੱਕ |
| 2. | ਰਾਜ ਪੱਧਰ | ਪੰਜਵੀਂ | ਹਿਸਾਬ | 12-02-2011 | ਸਵੇਰੇ 11:00 ਵਜੇ ਤੋਂ ਦੁਪਿਹਰ 1:00 ਵਜੇ ਤੱਕ |
| 3. | ਰਾਜ ਪੱਧਰ | ਅੱਠਵੀਂ | ਸਾਇੰਸ | 12-02-2011 | ਦੁਪਹਿਰ 2:00 ਵਜੇ ਤੋਂ ਸ਼ਾਮ 4:00 ਵਜੇ ਤੱਕ |

6.0 ਰਾਜ ਪੱਧਰੀ ਪ੍ਰਤੀਯੋਗੀ ਪ੍ਰੀਖਿਆ ਲਈ ਸਮੂਹ ਪੰਜਾਬ ਰਾਜ ਨੂੰ ਤਿੰਨ ਜ਼ੋਨਾਂ ਵਿੱਚ ਵੰਡਿਆ ਗਿਆ ਹੈ। ਉਹ ਜ਼ੋਨ ਅਤੇ ਉਹਨਾਂ ਵਿਚਲੇ ਜ਼ਿਲ੍ਹੇ ਹੇਠ ਲਿਖੇ ਅਨੁਸਾਰ ਹਨ :-

| ਲੜੀ ਨੰ: | ਜ਼ੋਨ | ਜ਼ਿਲ੍ਹਾ |
|---|---|---|
| 1. | ਜਲੰਧਰ | ਅੰਮ੍ਰਿਤਸਰ, ਤਰਨ ਤਾਰਨ, ਗੁਰਦਾਸਪੁਰ, ਹੁਸ਼ਿਆਰਪੁਰ, ਸ਼ਹੀਦ ਭਗਤ ਸਿੰਘ ਨਗਰ, ਕਪੂਰਥਲਾ |
| 2. | ਮੋਗਾ | ਫਿਰੋਜ਼ਪੁਰ, ਫਰੀਦਕੋਟ, ਬਠਿੰਡਾ, ਲੁਧਿਆਣਾ, ਮੁਕਸਤਰ |
| 3. | ਪਟਿਆਲਾ | ਮਾਨਸਾ, ਸੰਗਰੂਰ, ਫਤਿਹਗੜ੍ਹ ਸਾਹਿਬ, ਰੋਪੜ, ਬਰਨਾਲਾ, ਮੁਹਾਲੀ |

7.0 ਹਿਸਾਬ ਅਤੇ ਸਾਇੰਸ ਵਿਸ਼ਿਆਂ ਦੇ ਪੇਪਰ 100,100 ਅੰਕਾਂ ਦੇ ਹੋਣਗੇ।

8.0 ਟੈਸਟ ਕੰਡਕਟ ਕਰਨ ਦਾ ਪ੍ਰੋਗਰਾਮ ਆਪਣੇ ਜ਼ਿਲ੍ਹੇ ਦੇ ਜ਼ਿਲ੍ਹਾ ਸਾਇੰਸ ਸਪਰਵਾਈਜ਼ਰ ਨਾਲ ਮਿਲ ਕੇ ਬਣਾ ਲਿਆ ਜਾਵੇ ਅਤੇ ਅਤੇ ਵਿਦਿਆਰਥੀਆਂ ਦੀ ਜ਼ਿਲਾਵਾਈਜ਼ ਅਤੇ ਵਿਸ਼ਾਵਾਈਜ਼ ਅਤੇ ਜਮਾਤ ਵਾਈਜ਼ ਗਿਣਤੀ ਹਰ ਹਾਲਤ ਵਿੱਚ ਮਿਤੀ 18-12-2010 ਤੱਕ ਮੁੱਖ ਦਫ਼ਤਰ ਨੂੰ ਭੇਜੀ ਜਾਵੇ ਤਾਂ ਜੋ ਪ੍ਰਸ਼ਨ ਪੱਤਰ ਸਮੇਂ ਸਿਰ ਪ੍ਰਸ਼ਨ ਪੱਤਰ ਭੇਜੇ ਜਾ ਸਕਣ।

9.0 ਬੱਚਿਆਂ ਦੀ ਗਿਣਤੀ ਅਨੁਸਾਰ ਸੈਂਟਰ ਬਣਾ ਲਏ ਜਾਣ ।

10.0 ਸੁਪਰਡੈਂਟਾਂ ਦੀ ਡਿਊਟੀ ਡਾਈਟ ਸਟਾਫ਼ ਅਤੇ ਇਨ-ਸਰਵਿਸ ਟ੍ਰੇਨਿੰਗ ਸੈਂਟਰਾਂ ਵਿੱਚੋਂ ਲਗਾਈ ਜਾਵੇ ਅਤੇ ਨਿਗਰਾਨਾਂ ਦੀਆਂ ਡਿਊਟੀਆਂ ਲੈਕਚਰਾਰਾਂ ਦੀਆਂ ਲਾਈਆ ਜਾਣ।

11.0 ਪ੍ਰਸ਼ਨ ਪੱਤਰ ਪੇਪਰ ਤੋਂ ਦੋ ਦਿਨ ਪਹਿਲਾਂ ਆਪ ਦੇ ਜ਼ਿਲ੍ਹੇ ਵਿੱਚ ਪਹੁੰਚਾ ਦਿੱਤੇ ਜਾਣਗੇ ਅਤੇ ਇਹ ਪ੍ਰਸ਼ਨ ਪੱਤਰ ਸੈਂਟਰਾਂ ਨੂੰ ਆਪ ਵੱਲੋਂ ਵੰਡੇ ਜਾਣਗੇ।

12.0 ਉਤਰ ਪੱਤਰੀਆਂ ਦਾ ਪ੍ਰਬੰਧ ਅਤੇ ਚੈਕਿੰਗ ਆਪ ਵੱਲੋਂ ਕਰਵਾਈ ਜਾਣੀ ਹੈ।

13.0 ਸੁਪਰਡੈਂਟਾਂ, ਜ਼ਿਲ੍ਹਾ ਸਾਇੰਸ ਸੁਪਰਵਾਈਜਰ, ਨਿਗਰਾਨ ਅਧਿਆਪਕਾਂ ਅਤੇ ਚੌਥੇ ਦਰਜੇ ਦੇ ਕਰਮਚਾਰੀਆਂ ਦੀ ਰਕਮ ਅਦਾਇਗੀ ਆਪ ਵੱਲੋਂ ਕੀਤੀ ਜਾਣੀ ਹੈ।

14.0 ਜ਼ਿਲ੍ਹਾ ਪੱਧਰੀ ਅਤੇ ਰਾਜ ਪੱਧਰੀ ਪ੍ਰਤੀਯੋਗੀ ਪ੍ਰੀਖਿਆ ( ਪਹਿਲਾ, ਦੂਜਾ ਅਤੇ ਤੀਜਾ) ਨਤੀਜਾ ਤਿਆਰ ਕਰਕੇ ਰਿਪੋਰਟ ਹੈੱਡ ਆਫ਼ਿਸ ਦੇ ਈ-ਮੇਲ **(ssa.aspdmath@gmail.com)** ਰਾਹੀਂ ਭੇਜੀ ਜਾਵੇ ਅਤੇ ਇਸ ਸਬੰਧ ਵਿੱਚ ਸਪੱਸ਼ਟੀਕਰਨ ਲਈ 9888028002 ਨਾਲ ਸੰਪਰਕ ਕਰ ਲਿਆ ਜਾਵੇ।

15.0 ਹਰੇਕ ਜ਼ਿਲ੍ਹੇ ਵਿੱਚੋਂ ਪਹਿਲਾ, ਦੂਜਾ ਅਤੇ ਤੀਜਾ ਦਰਜਾ ਹਾਸਲ ਕਰਨ ਵਾਲੇ ਵਿਦਿਆਰਥੀਆਂ ਨੂੰ 2100/-, 1500/- ਅਤੇ 1000/- ਰੁਪਏ ਕੈਸ਼ ਇਨਾਮ ਦਿੱਤਾ ਜਾਵੇਗਾ।

16.0 ਰਾਜ ਪੱਧਰ ਤੇ ਪਹਿਲਾ, ਦੂਜਾ ਅਤੇ ਤੀਜਾ ਸਥਾਨ ਹਾਸਲ ਕਰਨ ਵਾਲੇ ਬੱਚਿਆਂ ਨੂੰ 5100/-, 4100/- ਅਤੇ 3100/- ਕੈਸ਼ ਇਨਾਮ ਦਿੱਤਾ ਜਾਵੇਗਾ।

17.0 ਜ਼ਿਲ੍ਹਾ ਪੱਧਰ ਤੇ ਨਕਦੀ ਇਨਾਮਾਂ ਲਈ ਖਰਚਾ ਸਰਵ ਸਿੱਖਿਆ ਅਭਿਆਨ ਅਧੀਨ ਦਿੱਤੀ ਗਈ ਐਲ.ਈ.ਪੀ.ਗਰਾਂਟ ਵਿੱਚੋਂ ਜ਼ਿਲ੍ਹਾ ਪੱਧਰ ਤੇ ਕੀਤਾ ਜਾਵੇਗਾ।

18.0 ਰਾਜ ਪੱਧਰ ਤੇ ਨਕਦੀ ਇਨਾਮਾਂ ਲਈ ਖਰਚਾ ਸਰਵ ਸਿੱਖਿਆ ਅਭਿਆਨ ਅਧੀਨ ਦਿੱਤੀ ਗਈ ਐਲ.ਈ.ਪੀ. ਗਰਾਂਟ ਵਿੱਚੋਂ ਰਾਜ ਪੱਧਰ ਤੇ ਕੀਤਾ ਜਾਵੇਗਾ।

19.0 ਇਸ ਪ੍ਰਤੀਯੋਗੀ ਪ੍ਰੀਖਿਆ ਦਾ ਨੋਡਲ ਅਫ਼ਸਰ ਸਬੰਧਤ ਜ਼ਿਲ੍ਹਾ ਸਾਇੰਸ ਸੁਪਰਵਾਈਜ਼ਰ ਹੋਵੇਗਾ।

ਡਾਇਰੈਕਟਰ ਜਨਰਲ ਸਕੂਲ ਸਿੱਖਿਆ
ਪੰਜਾਬ,ਚੰਡੀਗੜ੍ਹ

ਪਿਠਅੰਕਣ ਨੰ: ਸਸਅ/ਐਮਸੀ/2010/74454-493 ਮਿਤੀ,ਚੰਡੀਗੜ੍ਹ 7-12-2010

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਹਿੱਤ ਅਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ :-

1. ਸਮੂਹ ਜ਼ਿਲ੍ਹਾ ਮੈਥ ਕੋਆਰਡੀਨੇਟਰਜ਼ ।
2. ਸਮੂਹ ਜ਼ਿਲ੍ਹਾ ਪੜ੍ਹੋ ਪੰਜਾਬ ਕੋਆਰਡੀਨੇਟਰਜ਼।

ਡਾਇਰੈਕਟਰ ਜਨਰਲ ਸਕੂਲ ਸਿੱਖਿਆ
ਪੰਜਾਬ,ਚੰਡੀਗੜ੍ਹ